**ਦਫਤਰ ਡਾਇਰੈਕਟਰ ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ**

**ਬਲਾਕ-ਈ, ਛੇਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ: ਫੇਜ਼-8, ਐਸ.ਏ.ਐਸ.ਨਗਰ**

**ਫੋਨ ਨੰਬਰ:0172-2212221**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)/(ਐ.ਸਿ.)
ਸਮੂਹ ਪ੍ਰਿੰਸੀਪਲ ਡਾਇਟ,
ਸਮੂਹ ਸਕੂਲ ਮੁੱਖੀ (ਵੈੱਬਸਾਈਟ ਰਾਹੀਂ)
ਪੰਜਾਬ ।

ਮੀਮੋ ਨੰ:SCERT/SCI/2022547226 ਮਿਤੀ: 28-02-2022

**ਵਿਸ਼ਾ: 6ਵੀਂ ਤੋਂ 10ਵੀਂ ਜਮਾਤਾਂ ਲਈ online Science Olympiad ਕਰਵਾਉਣ ਸੰਬੰਧੀ।**

**1.0** ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

**2.0** ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚ 6 ਵੀਂ ਤੋਂ 10 ਵੀਂ ਜਮਾਤਾਂ ਦੇ ਵਿਦਿਆਰਥੀਆਂ ਵਿੱਚ ਵਿਗਿਆਨ ਵਿਸ਼ੇ ਪ੍ਰਤੀ ਪਰਿਪੱਕਤਾ ਅਤੇ ਭਵਿੱਖ ਵਿੱਚ ਵਿਦਿਆਰਥੀਆਂ ਨੂੰ ਵਿਗਿਆਨ ਮੁਕਾਬਲਿਆਂ ਲਈ ਤਿਆਰ ਕਰਨ ਲਈ ਵਿਭਾਗ ਵੱਲੋਂ Online Science Olympiad ਕਰਵਾਇਆ ਜਾ ਰਿਹਾ ਹੈ(SYLLABUS: 31 ਜਨਵਰੀ 2022 ਤੱਕ) ।

**3.0** ਇਹ Online Science Olympiad ਮਿਤੀ 05 ਮਾਰਚ 2022 ਨੂੰ ਕਰਵਾਇਆ ਜਾਵੇਗਾ।

**4.0** ਇਸ ਲਈ ਇਹ Online Science Olympiad ਸਫਲਤਾ ਪੂਰਵਕ ਕਰਵਾਉਣ ਲਈ ਸਕੂਲ ਮੁੱਖੀ ਇਹ ਯਕੀਨੀ ਬਣਾ ਲੈਣ ਕਿ 6 ਵੀਂ ਤੋਂ 10 ਵੀਂ ਜਮਾਤਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਜਮਾਤ-ਵਾਰ ਵਟਸਐਪ ਗੱਰੁਪ ਬਣਾ ਲੈਣ ( ਜੇਕਰ ਪਹਿਲਾ ਨਹੀਂ ਬਣਾਏ ਹੋਏ), ਜਿਸ ਵਿੱਚ ਲਾਜ਼ਮੀ ਤੌਰ ਤੇ ਜਮਾਤ ਦੇ ਵਿਗਿਆਨ ਅਧਿਆਪਕ ਤੋਂ ਇਲਾਵਾ ਜਮਾਤ ਇੰਚਾਰਜ, ਸਕੂਲ ਮੁੱਖੀ ਜਰੂਰ ਸ਼ਾਮਿਲ ਹੋਣ ਤਾਂ ਜੋ ਉਹ ਵਿਦਿਆਰਥੀਆਂ ਨੂੰ Online Science Olympiad ਦਾ ਲਿੰਕ ਸਾਂਝਾ ਕਰਨ ਉਪਰੰਤ Follow up ਲੈ ਸਕਣ।

**5.0** ਇਸ ਸਬੰਧੀ ਰੋਡਮੈਪ ਤਿਆਰ ਕੀਤਾ ਗਿਆ ਹੈ ਜੋ ਕਿ ਹੇਠ ਲਿਖੇ ਅਨੁਸਾਰ ਹੈ:

5.1 ਸਟੇਟ IT ਟੀਮ ਵੱਲੋਂ Online Science Olympiad ਤੋਂ ਇੱਕ ਦਿਨ ਪਹਿਲਾਂ ਮਿਤੀ 04-03-2022 ਨੂੰ ਸਮੂਹ DM, ICT ਸਹਿਬਾਨ ਨੂੰ ਭੇਜ ਦਿੱਤਾ ਜਾਵੇਗਾ।

5.2 DM, ICT ਸਹਿਬਾਨ ਇਸ ਗੂਗਲ ਫ਼ਾਰਮ ਵਿੱਚ ਜ਼ਿਲ੍ਹੇ ਦੀਆਂ setting ਕਰਕੇ ਲਿੰਕ create ਕਰਨਗੇ। ਇਹ created ਲਿੰਕ ਪੇਪਰ ਤੋਂ ਇੱਕ ਦਿਨ ਪਹਿਲਾਂ ਰਾਤ 8.00 ਵਜੇ ਤੱਕ DEOs ਅਤੇ Coordinator DMs ਸਹਿਬਾਨ ਨੂੰ ਭੇਜਣਗੇ।

5.3 DEOs ਅਤੇ Coordinator DMs ਸਹਿਬਾਨ ਮਿਤੀ 04-03-2022 ਨੂੰ ਹੀ ਇਹ ਲਿੰਕ ਸਕੂਲ ਮੁਖੀਆਂ ਨਾਲ ਅਤੇ ਸਕੂਲ ਮੁੱਖੀ, ਸਕੂਲ ਸਟਾਫ ਨਾਲ ਇਹ ਲਿੰਕ ਸਾਂਝਾ ਕਰਨਗੇ।

5.4 ਸਮੂਹ ਅਧਿਆਪਕ ਇਹ ਲਿੰਕ ਮਿਤੀ 04-03-2022 ਰਾਤ ਨੂੰ ਹੀ ਜਮਾਤ-ਵਾਰ 6ਵੀਂ ਤੋਂ 10ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਭੇਜ ਦੇਣਗੇ।

5.5 ਭਾਵੇਂ 04-03-2022 ਜਨਵਰੀ ਨੂੰ ਇਸ ਟੈਸਟ ਦਾ ਲਿੰਕ ਫੀਲਡ ਵਿੱਚ ਸਾਂਝਾ ਹੋ ਜਾਵੇਗਾ ਪਰ ਇਹ ਐਕਟਿਵ ਨਹੀਂ ਹੋਵੇਗਾ। ਕਿਉਂਕਿ ਪੇਪਰ ਦਾ ਲਿੰਕ ਮਿਤੀ 05-03-2022 ਨੂੰ ਸਵੇਰੇ 8.00 ਵਜੇ ਖੁੱਲ੍ਹੇਗਾ ਅਤੇ ਰਾਤ 11 ਵਜੇ ਤੱਕ functional ਰਹੇਗਾ।

5.6 ਸਟੇਟ ਟੀਮ ਵੱਲੋਂ ਸੂਬਾ ਪੱਧਰੀ ਅਤੇ ਸਮੂਹ DM ICT ਸਹਿਬਾਨ ਵੱਲੋਂ ਜ਼ਿਲ੍ਹੇ ਅੰਦਰ ਲਾਈਵ ਹਾਜ਼ਰੀ Available ਕਰਵਾਈ ਜਾਵੇਗੀ ਤਾਂ ਜੋ 100 % ਭਾਗੀਦਾਰੀ ਯਕੀਨੀ ਬਣਾਈ ਜਾ ਸਕੇ।

5.7 ਸਮੂਹ ਜਮਾਤ ਇੰਚਾਰਜ ਬੱਚਿਆਂ ਨੂੰ ਉਹਨਾਂ ਦੀ ਸਹੀ E-punjab ID ਨੋਟ ਕਰਵਾਕੇ, ਉਹਨਾਂ ਨੂੰ ਗੂਗਲ ਫਾਰਮ ਵਿੱਚ ਸਹੀ id ਭਰਨ ਲਈ ਪਹਿਲਾਂ ਹੀ ਸਿੱਖਿਅਤ ਕਰਨਗੇ।

5.8 ਸਮੂਹ DMs, BMs ਅਤੇ ਸਕੂਲ ਮੁੱਖੀ ਸਹਿਬਾਨ Online Science Olympiad ਦੌਰਾਨ ਅਧਿਆਪਕ ਅਤੇ ਬੱਚਿਆ ਨਾਲ ਸੰਪਰਕ ਵਿੱਚ ਰਹਿਣਗੇ।

5.9 DM, ICT ਜ਼ਿਲ੍ਹਾ ਪੱਧਰੀ ਨਤੀਜੇ ਦਾ ਵਿਸ਼ਲੇਸ਼ਣ 48 ਘੰਟੇ ਵਿੱਚ ਕਰਕੇ ਸਟੇਟ ਵੱਲੋਂ ਦਿੱਤੇ ਡਰਾਈਵ ਲਿੰਕ ਵਿੱਚ ਅੱਪਲੋਡ ਕਰਨਗੇ। ਜਿਸ ਉਪਰੰਤ ਸਟੇਟ ਵੱਲੋਂ ਨਤੀਜਾ ਫੀਲਡ ਵਿੱਚ ਘੋਸ਼ਿਤ ਕਰ ਦਿੱਤਾ ਜਾਵੇਗਾ।

ਜਰੂਰੀ ਨੋਟ: ਟੈਸਟ ਦਾ ਲਿੰਕ ਮਿਤੀ 05-03-2022 ਨੂੰ ਸਵੇਰੇ 8.00 ਵਜੇ ਖੁੱਲੇਗਾ ਅਤੇ ਰਾਤ 11 ਵਜੇ ਬੰਦ ਹੋਵੇਗਾ।

**6.0** Online Science Olympiad ਕਰਵਾਉਣ ਲਈ ਹੈੱਡ ਆਫਿਸ ਵੱਲੋਂ ਜਮਾਤ-ਵਾਈਜ਼ Google link DEO (SE) ਨੂੰ ਸੰਬੰਧਤ DM, Coordinator ਨੂੰ 04-03-2022 ਨੂੰ ਸ਼ਾਮ ਨੂੰ ਸ਼ੇਅਰ ਕਰ ਦਿੱਤਾ ਜਾਵੇਗਾ। ਸਕੂਲ ਮੁੱਖੀ ਵੱਲੋਂ ਸੰਬੰਧਤ ਅਧਿਆਪਕ ਨੂੰ ਲਿੰਕ ਜਾਰੀ ਕਰਕੇ ਵਿਦਿਆਰਥੀਆਂ ਤੱਕ ਪਹੁੰਚਾਇਆ ਜਾਵੇਗਾ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਜੀ।

ਸਹਾਇਕ ਡਾਇਰੈਕਟਰ

ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ।